Australian Government

Australian Small Business and Family Enterprise Ombudsman

# MEDIA RELEASE

*ਅਗਸਤ 2023*

## ਲੋਕਪਾਲ ਨੇ ਪੰਜਾਬੀ ਬੋਲਣ ਵਾਲੇ ਕਾਰੋਬਾਰੀ ਮਾਲਕਾਂ ਨੂੰ ਸਰਕਾਰੀ ਖਰੀਦਦਾਰੀ ਬਾਰੇ ਸਲਾਹ ਦੇਣ ਲਈ ਸੱਦਾ ਦਿੱਤਾ ਹੈ

ਆਸਟ੍ਰੇਲੀਆ ਦੇ ਛੋਟੇ ਕਾਰੋਬਾਰ ਅਤੇ ਪਰਿਵਾਰਕ ਵਪਾਰ ਦੇ ਲੋਕਪਾਲ, ਸ੍ਰੀ ਬਰੂਸ ਬਿਲਸਨ ਨੇ ਪੰਜਾਬੀ ਬੋਲਣ ਵਾਲੇ ਛੋਟੇ ਕਾਰੋਬਾਰੀ ਮਾਲਕਾਂ ਨੂੰ ਆਸਟ੍ਰੇਲੀਆ ਦੀ ਸਰਕਾਰ ਨਾਲ ਕਾਰੋਬਾਰ ਕਰਨ ਦੀ ਪ੍ਰਣਾਲੀ ਨੂੰ ਸੁਧਾਰਨ ਬਾਰੇ ਆਪਣੀ ਸਲਾਹ ਦੇਣ ਲਈ ਸੱਦਾ ਦਿੱਤਾ ਹੈ।

ਸ੍ਰੀਮਾਨ ਬਿਲਸਨ ਨੇ ਛੋਟੇ ਕਾਰੋਬਾਰਾਂ ਕੋਲੋਂ ਰਾਸ਼ਟਰਮੰਡਲ ਦੁਆਰਾ ਕੀਤੀ ਜਾਂਦੀ ਖਰੀਦ ਦੇ ਨਿਯਮਾਂ ਵਿੱਚ ਸੁਧਾਰਾਂ ਦੇ ਪ੍ਰਭਾਵ ਦੀ ਜਾਂਚ ਕਰਨ ਲਈ ਇੱਕ ਜਾਂਚ ਸ਼ੁਰੂ ਕੀਤੀ ਹੈ ਅਤੇ ਮੁੱਦਿਆਂ ਵਾਲਾ ਪੱਤਰ ਜਾਰੀ ਕੀਤਾ ਹੈ ਅਤੇ ਜਨਤਾ ਨੂੰ ਆਪਣੇ ਵਿਚਾਰ ਜਮ੍ਹਾਂ ਕਰਵਾਉਣ ਲਈ ਸੱਦਾ ਦਿੱਤਾ ਹੈ।

ਸੀਮਾਨ ਬਿਲਸਨ ਨੇ ਕਿਹਾ "ਹਰ ਤਿੰਨ ਛੋਟੇ ਕਾਰੋਬਾਰਾਂ ਵਿਚੋਂ ਇਕ ਉਨ੍ਹਾਂ ਲੋਕਾਂ ਦੁਆਰਾ ਚਲਾਇਆ ਜਾਂਦਾ ਹੈ ਜੋ ਵਿਦੇਸ਼ਾਂ ਤੋਂ ਆਸਟ੍ਰੇਲੀਆ ਵਿੱਚ ਆਏ ਹਨ ਅਤੇ ਇਹ ਕਾਰੋਬਾਰ ਭਾਈਚਾਰੇ ਦੀ ਜੀਵੰਤਤਾ ਅਤੇ ਰਾਸ਼ਟਰੀ ਆਰਥਿਕਤਾ ਦੀ ਸ਼ਕਤੀ ਵਿਚ ਮਹੱਤਵਪੂਰਣ ਯੋਗਦਾਨ ਪਾਉਂਦੇ ਹਨ"।

"ਪ੍ਰਵਾਸੀਆਂ ਨੇ ਕਿਵੇਂ ਕਾਰੋਬਾਰ ਆਰੰਭੇ ਅਤੇ ਵਧਾਏ ਹਨ, ਇਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਪ੍ਰੇਰਣਾਦਾਇਕ ਹਨ ਅਤੇ ਮੈਂ ਸੱਚਮੁੱਚ ਉਨ੍ਹਾਂ ਦੇ ਵਿਚਾਰ ਸੁਣਨਾ ਚਾਹਾਂਗਾ ਕਿ ਅਸੀਂ ਖਰੀਦ ਪ੍ਰਣਾਲੀ ਨੂੰ ਕਿਵੇਂ ਸੁਧਾਰ ਸਕਦੇ ਹਾਂ"।

2021-22 'ਚ ਸਰਕਾਰ ਅਤੇ ਉਸ ਦੀਆਂ ਸੰਸਥਾਵਾਂ ਨੇ ਕੁੱਲ 80.8 ਅਰਬ ਡਾਲਰ ਮੁੱਲ ਦੇ 92,303 ਠੇਕੇ ਦਿੱਤੇ ਸਨ।

ਇਹ ਅਨੁਮਾਨ ਲਗਾਇਆ ਗਿਆ ਹੈ ਕਿ ਛੋਟੇ ਅਤੇ ਦਰਮਿਆਨੇ ਆਕਾਰ ਦੇ ਵਪਾਰਾਂ ਨੂੰ ਗਿਣਤੀ ਦੇ ਹਿਸਾਬ ਨਾਲ 55% ਜਾਂ ਮੁੱਲ ਦੇ ਹਿਸਾਬ ਨਾਲ 31% ਠੇਕੇ ਦਿੱਤੇ ਗਏ ਸਨ, ਜਿਨ੍ਹਾਂ ਦੀ ਕੀਮਤ ਲਗਭਗ 25 ਅਰਬ ਡਾਲਰ ਸੀ। ਇਕੱਲੇ ਛੋਟੇ ਕਾਰੋਬਾਰਾਂ ਨੇ 8.5 ਅਰਬ ਡਾਲਰ ਦੇ ਕੰਮ ਲਈ ਇਹ ਠੇਕੇ ਲਏ (ਜਾਂ ਮੁੱਲ ਦੇ ਹਿਸਾਬ ਨਾਲ ਸਾਰੇ ਇਕਰਾਰਨਾਮਿਆਂ ਦਾ 10.5%)।

ਸ੍ਰੀਮਾਨ ਬਿਲਸਨ ਨੇ ਕਿਹਾ, "SMEs ਨੂੰ ਸਰਕਾਰੀ ਕੰਮਾਂ ਲਈ ਪੂਰੀ ਤਰ੍ਹਾਂ ਮੁਕਾਬਲਾ ਕਰਨ ਦੇ ਯੋਗ ਬਨਾਉਣ ਨਾਲ ਪੈਸੇ ਦਾ ਬਿਹਤਰ ਮੁੱਲ ਪ੍ਰਦਾਨ ਕਰਨ, ਨਵੀਨਤਾ ਲਿਆਉਣ ਵਿੱਚ ਮਦਦ ਮਿਲਦੀ ਹੈ, ਨਵੀਆਂ ਖੋਜਾਂ ਦਾ ਸਮਰਥਨ ਹੁੰਦਾ ਹੈ ਅਤੇ ਇਹ ਆਸਟ੍ਰੇਲੀਆ ਦੀ ਸਮਰੱਥਾ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦਾ ਹੈ - ਇਹ ਸਾਰੇ ਟੈਕਸ ਦੇਣ ਵਾਲਿਆਂ ਅਤੇ ਸਾਡੇ ਦੇਸ਼ ਲਈ ਲਾਹੇਵੰਦ ਹਨ ਅਤੇ ਇਸ ਦੇ ਮਹੱਤਵਪੂਰਨ ਲਾਭ ਹਨ।

"ਬਹੁਤ ਸਾਰੇ ਛੋਟੇ ਕਾਰੋਬਾਰਾਂ ਨੇ ਸਾਨੂੰ ਦੱਸਿਆ ਹੈ ਕਿ ਉਹ ਇਸ ਸਾਰੀ ਕਾਰਵਾਈ ਤੋਂ ਬਾਹਰ ਹੋਣਾ ਮਹਿਸੂਸ ਕਰਦੇ ਹਨ ਜਾਂ ਉਨ੍ਹਾਂ ਨੂੰ ਇਸ ਵਿੱਚ ਹਿੱਸਾ ਲੈਣਾ ਕਰਨਾ ਬਹੁਤ ਮੁਸ਼ਕਲ ਲੱਗਦਾ ਹੈ।

# MEDIA RELEASE

“ਉਨ੍ਹਾਂ ਨੂੰ ਖਰੀਦ ਦੇ ਮੌਕਿਆਂ ਬਾਰੇ ਘੱਟ ਜਾਗਰੂਕਤਾ ਹੈ ਜਦੋਂ ਤੱਕ ਕਿ ਉਹ ਬਣੇ ਹੋਏ ਰਿਸ਼ਤਿਆਂ ਨਾਲ ਪਹਿਲਾਂ ਹੀ ਖਰੀਦ ਏਜੰਸੀਆਂ ਨਾਲ ਮੌਜੂਦਾ ਸਬੰਧਾਂ ਜਾਂ ਸਰਕਾਰੀ ਖਰੀਦ ਦੇ ਪਿਛਲੇ ਤਜਰਬੇ ਰਾਹੀਂ 'ਠੇਕਾ ਲੈਣ ਵਾਲੇ ਕਾਰੋਬਾਰਾਂ' ਜਾਂ ਉਹ ਸਰਕਾਰੀ ਖਰੀਦਦਾਰੀ ਏਜੰਸੀਆਂ ਦਾ ਹਿੱਸਾ ਨਹੀਂ ਹੁੰਦੇ।

"ਇਹ ਉਨ੍ਹਾਂ ਰੁਕਾਵਟਾਂ ਵਿੱਚੋਂ ਇਕ ਹਨ ਜਿਨ੍ਹਾਂ ਬਾਰੇ ਅਸੀਂ ਸੁਣਿਆ ਹੈ ਅਤੇ ਸਾਡਾ ਮੁੱਦਿਆਂ ਦਾ ਪੱਤਰ ਵਧੇਰੇ ਤਜ਼ਰਬਿਆਂ ਅਤੇ ਸੂਝ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਅਸੀਂ ਸੁਣਨਾ ਚਾਹੁੰਦੇ ਹਾਂ ਕਿ ਛੋਟੇ ਕਾਰੋਬਾਰ ਅਤੇ ਵਿਅਕਤੀ ਸਰਕਾਰੀ ਖਰੀਦਦਾਰੀ ਵਿੱਚ ਹਿੱਸਾ ਪਾਉਣ ਲਈ ਸਰਕਾਰ ਕੋਲ ਜਾਣ ਵੇਲੇ ਦਰਪੇਸ਼ ਚੁਣੌਤੀਆਂ ਜਾਂ ਮੁਸ਼ਕਲਾਂ ਬਾਰੇ ਕੀ ਕਹਿੰਦੇ ਹਨ ਅਤੇ ਇਨ੍ਹਾਂ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।

"ਇਸੇ ਤਰ੍ਹਾਂ, ਅਸੀਂ ਮਿਸਾਲ ਪੇਸ਼ ਕਰਨ ਵਾਲੀਆਂ ਏਜੰਸੀਆਂ ਜਾਂ ਪ੍ਰਭਾਵਸ਼ਾਲੀ ਕਾਰਵਾਈਆਂ ਜਾਂ ਪਹੁੰਚਾਂ ਦੀਆਂ ਉਦਾਹਰਣਾਂ ਸੁਣਨ ਲਈ ਉਤਸੁਕ ਹਾਂ, ਅਤੇ ਅਸੀਂ ਇਨ੍ਹਾਂ 'ਬਿਹਤਰ ਅਭਿਆਸਾਂ' ਨੂੰ ਸਾਰੀ ਸਰਕਾਰ ਵਿੱਚ ਵਧੇਰੇ ਵਿਆਪਕ ਤੌਰ 'ਤੇ ਕਿਵੇਂ ਵਧਾ ਸਕਦੇ ਹਾਂ”।

ਸ੍ਰੀਮਾਨ ਬਿਲਸਨ ਨੇ ਕਿਹਾ ਕਿ ਉਹ ਖਰੀਦ ਪ੍ਰਣਾਲੀ ਦੀ ਵਰਤੋਂ ਕਰਨ ਵਾਲਿਆਂ ਜਾਂ ਉਨ੍ਹਾਂ ਲੋਕਾਂ ਤੋਂ ਵਧੇਰੇ ਸੁਝਾਅ ਅਤੇ ਵਿਚਾਰ ਪ੍ਰਾਪਤ ਕਰਨ ਲਈ ਉਤਸੁਕ ਹਨ ਜੋ ਇਹ ਕੰਮ ਕਰਨਾ ਚਾਹੁੰਦੇ ਹਨ ਪਰ ਕਰਦੇ ਨਹੀਂ ਹਨ।

ਸ੍ਰੀਮਾਨ ਬਿਲਸਨ ਨੇ ਕਿਹਾ "ਸਰਕਾਰੀ ਠੇਕਾ ਹਾਸਲ ਕਰਨਾ ਛੋਟੇ ਕਾਰੋਬਾਰ ਦੀ ਜ਼ਿੰਦਗੀ ਬਦਲ ਸਕਦਾ ਹੈ। ਜਿਵੇਂ ਕਿ ਸਾਰੇ ਕਾਰੋਬਾਰ ਜਾਣਦੇ ਹਨ, ਚੰਗੇ ਗਾਹਕਾਂ ਦਾ ਕੋਈ ਬਦਲ ਨਹੀਂ ਹੈ”।

“ਉਨ੍ਹਾਂ ਕਿਹਾ ਕਿ ਇਕ ਵੱਡੀ ਨਿਰਾਸ਼ਾ ਜੋ ਸਾਡੇ ਸਾਹਮਣੇ ਦਰਸਾਈ ਗਈ ਹੈ, ਉਹ ਠੇਕੇ ਦੇਣ ਲਈ ਸਰਕਾਰੀ ਪੈਨਲਾਂ ਦੀ ਵਰਤੋਂ ਨਾਲ ਸਬੰਧਤ ਹੈ। ਪੈਨਲ ਪ੍ਰਦਾਤਿਆਂ ਦੀ ਉਹ ਛੋਟੀ ਸੂਚੀ ਹਨ ਜਿੰਨ੍ਹਾਂ ਤੋਂ ਵਿਭਾਗ ਕਿਸੇ ਖਾਸ ਮੁੱਲ ਤੱਕ ਕੰਮ ਕਰਨ ਲਈ ਠੇਕੇ ਦੇ ਸਕਦੇ ਹਨ।

"ਫਿਰ ਵੀ ਪੈਨਲ ਵਿੱਚ ਹੋਣਾ ਕੰਮ ਦੀ ਗਰੰਟੀ ਨਹੀਂ ਦਿੰਦਾ। ਬਹੁਤ ਸਾਰੇ ਛੋਟੇ ਕਾਰੋਬਾਰਾਂ ਨੇ ਸਾਨੂੰ ਦੱਸਿਆ ਹੈ ਕਿ ਕਿਵੇਂ ਉਹ ਸਾਲਾਂ ਤੋਂ ਪੈਨਲਾਂ ਵਿੱਚ ਰਹੇ ਹਨ ਅਤੇ ਉਨ੍ਹਾਂ ਨੂੰ ਕਦੇ ਵੀ ਅੰਦਾਜ਼ਨ ਕੀਮਤ ਜਮ੍ਹਾਂ ਕਰਵਾਉਣ ਦੀ ਬੇਨਤੀ ਲਈ ਸੰਪਰਕ ਨਹੀਂ ਕੀਤਾ ਗਿਆ।

"ਛੋਟੇ ਕਾਰੋਬਾਰ ਟੈਂਡਰ ਜਮ੍ਹਾਂ ਕਰਵਾਉਣ ਲਈ ਲੋੜੀਂਦੀ ਉੱਚ ਲਾਗਤ ਅਤੇ ਸਮੇਂ ਦੇ ਨਿਵੇਸ਼ ਵੱਲ ਵੀ ਇਸ਼ਾਰਾ ਕਰਦੇ ਹਨ, ਅਤੇ ਏਜੰਸੀਆਂ ਦੁਆਰਾ ਇਸ ਮੌਕੇ ਦੀ ਲਾਗਤ ਬਾਰੇ ਵਿਚਾਰ ਕਰਨ ਦੀ ਘਾਟ ਵੱਲ ਇਸ਼ਾਰਾ ਕਰਦੇ ਹਨ।

"ਜਦੋਂ ਟੈਂਡਰ ਅਸਫ਼ਲ ਹੁੰਦਾ ਹੈ ਤਾਂ ਸੀਮਤ ਜਾਂ ਕੋਈ ਵੀ ਕਾਰਣ ਨਾ ਦੱਸਣਾ ਵੀ ਹੈਰਾਨੀ ਅਤੇ ਪਰੇਸ਼ਾਨੀ ਦਾ ਸਰੋਤ ਬਣਦਾ ਹੈ।

ਸ੍ਰੀਮਾਨ ਬਿਲਸਨ ਨੇ ਇਹ ਵੀ ਨੋਟ ਕੀਤਾ ਕਿ ਛੋਟੇ ਕਾਰੋਬਾਰਾਂ 'ਤੇ ਲਗਾਈ ਗਈ ਇਕ ਮਹੱਤਵਪੂਰਣ ਰੁਕਾਵਟ ਕੁਝ ਕਿਸਮ ਦੇ ਮਹਿੰਗੇ ਬੀਮੇ ਦੀ ਜ਼ਰੂਰਤ ਸੀ ਤਾਂ ਜੋ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਮਿਲੇ – ਪਰ ਇਸ ਕੰਮ ਦੀ ਕੋਈ ਗਰੰਟੀ ਨਹੀਂ ਹੈ।

ਉਨ੍ਹਾਂ ਕਿਹਾ ਕਿ “ਅਸੀਂ ਰਾਸ਼ਟਰਮੰਡਲ ਦੇ ਖਰੀਦ ਨਿਯਮਾਂ 'ਤੇ ਵਿਚਾਰ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਕਿਵੇਂ ਲਾਗੂ ਕੀਤਾ ਜਾ ਰਿਹਾ ਹੈ, ਕਿਹੜੇ ਵਿਭਾਗ ਵਧੀਆ ਪ੍ਰਦਰਸ਼ਨ ਕਰ ਰਹੇ ਹਨ ਅਤੇ ਕੀ ਪ੍ਰਣਾਲੀ ਨੂੰ ਸੁਧਾਰਨ ਲਈ ਹੋਰ ਕਦਮ ਚੁੱਕੇ ਜਾ ਸਕਦੇ ਹਨ”।

ਜਾਂਚ ਲਈ ਮੁੱਦਿਆਂ ਦੇ ਪੱਤਰ ਅਤੇ ਸੰਦਰਭ ਦੀਆਂ ਸ਼ਰਤਾਂ ASBFEO ਦੀ ਵੈੱਬਸਾਈਟ www.asbfeo.gov.au/procurement 'ਤੇ ਉਪਲਬਧ ਹਨ, ਜਿੱਥੇ ਵਿਚਾਰ ਵੀ ਜਮ੍ਹਾਂ ਕੀਤੇ ਜਾ ਸਕਦੇ ਹਨ। ਵਿਚਾਰ ਜਮ੍ਹਾਂ ਕਰਨ ਦੀ ਆਖਰੀ ਮਿਤੀ 15 ਸਤੰਬਰ ਤੱਕ ਵਧਾ ਦਿੱਤੀ ਗਈ ਹੈ।

ਸ੍ਰੀਮਾਨ ਬਿਲਸਨ ਦੀ ਰਿਪੋਰਟ ਦਸੰਬਰ ਵਿੱਚ ਸਰਕਾਰ ਨੂੰ ਸੌਂਪੀ ਜਾਵੇਗੀ।

**ਮੀਡੀਆ ਸੰਪਰਕ: 0448 467 178**